


# ਦਰਸਨੁ ਦੇਖਿ ਜੀਵਾ ਗੁਰ ਤੇਰਾ ॥

**ਰੂਪ ਸਿੰਘ**

ਸਿੱਖ ਧਰਮ ਸੰਸਾਰ ਦਾ ਆਧੁਨਿਕ ਧਰਮ ਹੈ, ਜਿਸ ਵਿਚ ਅਕਾਲ ਪੁਰਖ ਨੂੰ ਸਵੀਕਾਰਨ, ਮੰਨਣ ਅਤੇ ਜਪਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਗਿਆ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਪ੍ਰਭੂ ਪਰਮਾਤਮਾ ਨੂੰ ਪਾਉਣ-ਰਿਝਾਉਣ ਦਾ ਢੰਗ ਤਰੀਕਾ ਸੇਵਾ ਅਤੇ ਸਿਮਰਨ ਹੈ। ਸੇਵਾ ਪ੍ਰਭੂ ਭਗਤੀ ਦਾ ਨਿਰਮਲ ਨਿਸ਼ਕਾਮ ਸਾਧਨ ਹੈ। ਸੇਵਾ ਕਰਨ ਵਾਲਾ ਮਨੁੱਖ ਕੇਵਲ ਆਪਾ ਹੀ ਨਹੀਂ ਸੰਵਾਰਦਾ, ਸਗੋਂ ਸਮਾਜ ਅਤੇ ਮਾਨਵਤਾ ਵਾਸਤੇ ਸਦਉਪਯੋਗੀ ਘਾਲਣਾ ਘਾਲਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦਾ ਵਾਤਾਵਰਣ ਵਿਲੱਖਣ, ਵਿਸ਼ੇਸ਼ ਵਿਸਮਾਦੀ ਹੈ। ਗੁਰੂ ਪ੍ਰੇਮੀ ਪਰਿਕ੍ਰਮਾ 'ਚ ਸੀਸ ਝੁਕਾ, ਸਰਦਲ ਨੂੰ ਛੂਹ, ਨਤਮਸਤਕ ਹੋ ਇਲਾਹੀ ਅਨੁਭਵ ਮਹਿਸੂਸ ਕਰਦੇ ਹਨ। ਹਰਿਮੰਦਰ ਸਾਹਿਬ 'ਚ ਲੱਗੀ ਹਰ ਵਸਤ ਭਾਵੇਂ ਉਹ ਇੱਟਾਂ, ਪੱਥਰ, ਸੰਗਮਰਮਰ, ਸੋਨਾ, ਚਾਂਦੀ, ਚਾਦਰਾਂ, ਗਲੀਚੇ, ਮੈਟ, ਰੁਮਾਲੇ, ਤੌਲੀਏ, ਪੱਤਲ, ਬਰਤਨ ਆਦਿ ਹੋਣ, ਹਰ ਵਸਤ ਦੀ ਰੋਜ਼ਾਨਾ ਸੇਵਾ ਸੰਭਾਲ ਹੁੰਦੀ ਹੈ। ਸ੍ਰੀ ਹਰਿਮੰਦਰ ਸਾਹਿਬ 'ਚ ਰੋਜ਼ਾਨਾ ਹੋ ਰਹੀਆਂ ਸੇਵਾਵਾਂ ਨੂੰ ਅਸੀਂ ਇਸ ਤਰ੍ਹਾਂ ਵੰਡ ਸਕਦੇ ਹਾਂ- ਸੁਕੀ ਸੇਵਾ, ਇਸ਼ਨਾਨ ਦੀ ਸੇਵਾ, ਪਰਿਕ੍ਰਮਾ ਦੀ ਧੁਲਾਈ ਦੀ ਸੇਵਾ, ਸਵੱਯੇ ਪੜ੍ਹਨ ਦੀ ਸੇਵਾ, ਕਿਰਪਾਨ ਭੇਂਟ ਕਰਨ, ਕੜ੍ਹਾਹ ਪ੍ਰਸ਼ਾਦਿ ਵਰਤਾਉਣ, ਸੰਗਤਾਂ ਨੂੰ ਤਰਤੀਬ ਦੇਣ, ਕੀਰਤਨ ਕਰਨ, ਝਾੜੂ-ਸਫ਼ਾਈ ਦੀ ਸੇਵਾ, ਜੋੜੇ ਘਰ ਦੀ ਸੇਵਾ, ਚੌਂਕੀ ਸਾਹਿਬ ਦੀ ਸੇਵਾ, ਸਰੋਵਰ, ਹਰਿ ਕੀ ਪੌੜੀ, ਪਾਉੜਾ, ਬੇਰੀਆਂ, ਨਾਲੀਆਂ, ਆਦਿ ਦੀ ਸਾਫ ਸਫਾਈ, ਡੂਨੇ-ਪੱਤਲਾਂ ਚੁੱਕਣ ਤੇ ਜਲ ਛਕਾਉਣ, ਗੱਠੜੀ ਘਰ, ਗਿੱਲੇ ਕੱਪੜਿਆਂ ਦੀ ਸੇਵਾ ਆਦਿ ਪ੍ਰਮੁੱਖ ਹਨ। ਸ੍ਰੀ ਦਰਬਾਰ ਸਾਹਿਬ 'ਚ ਸਤਿਗੁਰਾਂ ਦੇ ਪ੍ਰਕਾਸ਼, ਹੁਕਮਨਾਮਾ ਲੈਣ, ਚੌਰ ਕਰਨ, ਅਰਦਾਸ ਕਰਨ ਤੇ ਅੰਦਰ ਚੜ੍ਹਤ ਦੀ ਸੰਭਾਲ ਕਰਨ ਦੀ ਸੇਵਾ ਸ੍ਰੀ ਦਰਬਾਰ ਸਾਹਿਬ ਵੱਲੋਂ ਨਿਯੁਕਤ ਗ੍ਰੰਥੀ ਸਿੰਘ, ਅਰਦਾਸੀਏ, ਚੌਰ ਬਰਦਾਰ ਤੇ ਸੇਵਾਦਾਰ ਹੀ ਕਰ ਸਕਦੇ ਹਨ।

ਦਰਸ਼ਨੀ ਕਿਵਾੜ ਖੁੱਲ੍ਹਦਿਆਂ ਹੀ ਇਲਾਹੀ ਮਸਤੀ ਵਿਚ ਝੂਮਦੀਆਂ ਸੰਗਤਾਂ ਹਰਿਮੰਦਰ ਸਾਹਿਬ ਪੁੱਜਦੀਆਂ ਹਨ। ਅਸਲ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਸ਼ਵ ਦਾ ਨਿਵੇਕਲਾ-ਵਿਲੱਖਣ, ਸਰਬ ਸਾਂਝਾ ਧਰਮ ਮੰਦਰ ਹੈ, ਜਿੱਥੇ ਅੱਠੇ ਪਹਿਰ ਸੇਵਾ, ਸਿਮਰਨ, ਕੀਰਤਨ, ਭਗਤੀ ਤੇ ਸ਼ਰਧਾ ਦੇ ਦੀਦਾਰ ਹੁੰਦੇ ਹਨ। ਕਿਵਾੜ ਖੁੱਲ੍ਹਣ ਤੋਂ ਦੋ ਘੰਟੇ ਬਾਅਦ ਕੋਠਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਚੱਲਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੇਠਾਂ ਸੰਗਤਾਂ ਪਹਿਲਾਂ ਸੁਖਮਨੀ ਸਾਹਿਬ ਦਾ ਪਾਠ ਜੋਟੀਆਂ 'ਚ ਕਰਦੀਆਂ ਹਨ-ਗੁਰੂ ਘਰ ਦੇ ਭੌਰੇ, ਗੁਲਾਬ-ਗੇਂਦੇ ਦੀਆਂ ਖੂਬਸੂਰਤ ਖੁਸ਼ਬੂਦਾਰ ਪੱਤੀਆਂ ਦੇ ਬੁੱਕ ਭਰੇ ਖੜ੍ਹੇ ਸਹਿਜ ਸੁਭਾਅ ਸ਼ਬਦ ਗਾ ਰਹੇ ਹੁੰਦੇ ਹਨ।

**ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥**
**ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥੧॥**

(**ਪੰਨਾ**-1094)

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਗਾਰੇ 'ਤੇ ਚੋਟ ਲੱਗਦੀ ਹੈ। ਸਮੁੱਚੀ ਸੰਗਤ-ਗੁਰਸਿੱਖ ਪ੍ਰੇਮੀ ਸੁਚੇਤ ਸਾਵਧਾਨ ਹੋ ਜਾਂਦੇ ਹਨ। ਪ੍ਰਭੂ ਭਗਤੀ-ਸੇਵਾ 'ਚ ਮਗਨ ਸੰਗਤਾਂ ਵਜ਼ਦ 'ਚ ਸ਼ਬਦ ਪੜ੍ਹਦੀਆਂ ਹਨ-

**ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥**
**ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ ॥੧॥**

(**ਪੰਨਾ**-337)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਗ੍ਰੰਥੀ ਸਿੰਘ, ਸ੍ਰੀ ਦਰਬਾਰ ਸਾਹਿਬ, ਅਦਬ-ਸਤਿਕਾਰ ਨਾਲ ਸੀਸ ਉੱਪਰ ਟਿਕਾਉਂਦਾ ਹੈ। ਚੌਰ ਬਰਦਾਰ ਸ੍ਰੀ ਹਰਿਮੰਦਰ ਸਾਹਿਬ ਚੌਰ ਦੀ ਸੇਵਾ ਕਰਦਾ ਹੈ। ਸਵਾਰੀ ਦੇ ਅੱਗੇ ਦੋ ਚੋਬਦਾਰ ਚਾਂਦੀ ਦੀਆਂ ਚੋਬਾਂ ਲੈ ਕੇ ਚੱਲਦੇ ਹਨ। ਸੁਨਹਿਰੀ ਪਾਲਕੀ ਨੂੰ ਸਜਾਉਣ ਦੀ ਸੇਵਾ ਵੀ ਬੜੀ ਭਾਵਨਾ ਨਾਲ ਕੀਤੀ ਜਾਂਦੀ ਹੈ। ਸੇਵਕਾਂ ਵਲੋਂ ਸਜੀ-ਸਵਾਰੀ ਪਾਲਕੀ 'ਚ ਪਾਵਨ ਬੀੜ ਅਦਬ ਨਾਲ ਗ੍ਰੰਥੀ ਸਿੰਘ, ਸ੍ਰੀ ਦਰਬਾਰ ਸਾਹਿਬ ਵੱਲੋਂ ਬਿਰਾਜਮਾਨ ਕਰ ਦਿੱਤੀ ਜਾਂਦੀ ਹੈ। ਗੁਰਸਿੱਖ ਪ੍ਰੇਮੀ ਸੁਨਹਿਰੀ ਪਾਲਕੀ ਨੂੰ ਵਾਰੋ-ਵਾਰੀ ਮੋਢਾ ਦੇਣ ਦੀ ਸੇਵਾ ਕਮਾਉਂਦੇ ਹਨ, ਗ੍ਰੰਥੀ ਸਿੰਘ ਚੌਰ ਦੀ ਸੇਵਾ ਕਰਦੇ ਹਨ। ਪ੍ਰੇਮੀ ਸਿੰਘ ਰਲਕੇ ਪ੍ਰਭੂ=ਪਰਮਾਤਮਾ, ਸਤਿਗੁਰਾਂ ਦੀ ਮਹਿਮਾ-ਬੇਨਤੀ-ਅਰਜ਼ੋਈ ਤੇ ਦਰਸ਼ਨਾਂ ਦੀ ਲੋਚਾ ਦੇ ਸ਼ਬਦ ਪੜ੍ਹਦੇ ਹਨ। ਦਰਸ਼ਨੀ ਡਿਉਢੀ 'ਚ ਪਾਲਕੀ ਪਹੁੰਚਣ 'ਤੇ ਨਗਾਰਾ ਵੱਜਣਾ ਬੰਦ ਹੋ ਜਾਂਦਾ ਹੈ। ਸ਼ਰਧਾ, ਸਤਿਕਾਰ ਅਤੇ ਸਹਿਜ ਨਾਲ ਪਾਲਕੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਨਮੁੱਖ ਪਹੁੰਚ ਜਾਂਦੀ ਹੈ, ਜਿੱਥੋਂ ਫਿਰ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਸਿਰ 'ਤੇ ਉਠਾ ਕੇ ਅੰਦਰ ਵੱਲ ਚੱਲਦੇ ਹਨ-ਚੌਰ ਬਰਦਾਰ ਫਿਰ ਚੌਰ ਦੀ ਸੇਵਾ ਕਰਦਾ ਹੈ। ਸ਼ਬਦ ਗੁਰੂ ਦੇ ਪ੍ਰਕਾਸ਼ ਵਾਸਤੇ ਰਾਤ ਨੂੰ ਸੁੱਕੀ ਸੇਵਾ ਸਮੇਂ ਪ੍ਰੇਮੀ ਸਿੰਘ ਮੰਜੀ ਸਾਹਿਬ ਤਿਆਰ ਕਰ ਦਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦੀ ਸੇਵਾ ਗ੍ਰੰਥੀ ਸਿੰਘ ਸ੍ਰੀ ਦਰਬਾਰ ਸਾਹਿਬ ਕਰਦਾ ਹੈ। ਇਸ ਸਮੇਂ ਦੌਰਾਨ ਪ੍ਰੇਮੀ ਸਿੰਘ, ਸਵੱਯੇ ਪੜ੍ਹਨ ਦੀ ਸੇਵਾ ਕਰਦੇ ਹਨ। ਇਹ ਸੇਵਾ ਵੀ ਸ਼ਰਧਾ-ਸਤਿਕਾਰ ਨਾਲ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲ ਰਹੀ ਹੈ। ਮੀਂਹ ਜਾਏ ਹਨ੍ਹੇਰੀ ਜਾਏ ਬਿਨਾਂ ਨਾਗਾ ਪ੍ਰੇਮੀ-ਜੀਉੜੇ ਅੰਮ੍ਰਿਤ ਵੇਲੇ ਹਾਜ਼ਰੀ ਭਰਦੇ ਹਨ। ਤਿੰਨ ਪਹਿਰੇ ਦੀ ਚੌਂਕੀ ਕਿਵਾੜ ਖੁੱਲ੍ਹਣ ਉਪਰੰਤ ਗਰਮੀਆਂ 'ਚ ਲਗਭਗ ਦੋ ਵਜੇ ਅਤੇ ਸਰਦੀਆਂ 'ਚ ਤਿੰਨ ਵਜੇ ਆਰੰਭ ਹੋ ਜਾਂਦੀ ਹੈ। ਤਿੰਨ ਪਹਿਰੇ ਦੀ ਚੌਂਕੀ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਜਾਂਦਾ ਹੈ। ਲਗਭਗ ਇੱਕ ਘੰਟੇ ਬਾਅਦ

**ਦਰਸ਼ਨ ਦੇਖਿ ਜੀਵਾ ਗੁਰ ਤੇਰਾ ॥** (ਪ: 742)

ਆਦਿ ਦਰਸ਼ਨ ਦੇ ਸ਼ਬਦ ਰਾਗੀ ਸਿੰਘ ਆਰੰਭ ਕਰ ਦਿੰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਤੀਕ ਪਾਲਕੀ 'ਚ ਪਾਵਨ ਪਵਿੱਤਰ ਬੀੜ ਪਹੁੰਚਦਿਆਂ 15 ਕੁ ਮਿੰਟ ਹੀ ਲੱਗਦੇ ਹਨ। 15 ਕੁ ਮਿੰਟਾਂ 'ਚ ਪ੍ਰਕਾਸ਼ ਦੀ ਸੇਵਾ ਹੋ ਜਾਂਦੀ ਹੈ। ਇਸ ਸਮੇਂ ਦੌਰਾਨ ਪ੍ਰੇਮੀ ਸਿੰਘ ਸਵੱਯੇ ਪੜ੍ਹਦੇ ਹਨ। ਵਿਧੀਵਤ ਪ੍ਰਕਾਸ਼ ਹੋਣ ਉਪਰੰਤ ਗ੍ਰੰਥੀ ਸਿੰਘ ਮਹਾਂਵਾਕ ਸੰਗਤਾਂ ਨੂੰ ਸਰਵਣ ਕਰਵਾਉਂਦਾ ਹੈ ਅਤੇ ਸੰਗਤਾਂ ਮਨ- ਬਿਰਤੀਆਂ ਇਕਾਗਰ ਕਰਕੇ ਸਰਵਣ ਕਰਦੀਆਂ ਹਨ ਅਤੇ ਗੁਰੂ ਰਾਮਦਾਸ ਮਹਾਰਾਜ ਦਾ ਧੰਨਵਾਦ ਕਰਦੀਆਂ ਹਨ। ਸ੍ਰੀ ਹਰਿਮੰਦਰ ਸਾਹਿਬ 'ਚ ਗਰਮੀਆਂ 'ਚ ਸਵੇਰ 2 ਵਜੇ ਤੋਂ ਰਾਤ 11 ਵਜੇ ਤੀਕ ਅਤੇ ਸਰਦੀਆਂ 'ਚ ਸਵੇਰੇ 3 ਵਜੇ ਤੋਂ ਰਾਤ 10 ਵਜੇ ਤੀਕ ਨਿਰੰਤਰ ਕੀਰਤਨ ਦੀ ਸੇਵਾ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਣ ਉਪਰੰਤ ਸਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚਣ 'ਤੇ ਦਰਸ਼ਨੀ ਡਿਉਢੀ ਦੇ ਮੁੱਖ ਕਿਵਾੜ ਤੇ ਹਰਿਮੰਦਰ ਸਾਹਿਬ ਦਾ ਦਰਸ਼ਨ ਦਰਵਾਜ਼ਾ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਅੰਦਰ ਆਰੰਭ ਹੋ ਜਾਂਦੀ ਹੈ ਸੁੱਕੀ ਸੇਵਾ। ਫਰਾਸ਼ ਸ੍ਰੀ ਦਰਬਾਰ ਸਾਹਿਬ ਤੇ ਪ੍ਰੇਮੀ ਗੁਰਸਿੱਖ ਜੋ ਰੋਜ਼ਾਨਾ ਸੁੱਕੀ ਸੇਵਾ ਕਰਦੇ ਹਨ, ਹਰਿਮੰਦਰ ਸਾਹਿਬ ਦੇ ਅੰਦਰ ਰਹਿ ਜਾਂਦੇ ਹਨ, ਇਨ੍ਹਾਂ ਦੀ ਗਿਣਤੀ 20 ਤੋਂ 30 ਤੀਕ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਵਾਲੇ ਪੀੜ੍ਹੇ ਨੂੰ ਰੋਜ਼ਾਨਾ ਰਾਤ ਨੂੰ ਸਜਾਇਆ ਜਾਂਦਾ ਹੈ। ਮੰਜੀ ਸਾਹਿਬ ਉੱਪਰ ਗੱਦਾ, ਗੱਦੇ 'ਤੇ ਦੋਹਰੀ ਚਾਦਰ ਵਿਛਾ ਕੇ, ਚਹੁੰਆਂ ਪਾਵਿਆਂ 'ਤੇ ਡੋਰੀਆਂ (ਸੇਜ-ਬੰਦਾਂ) ਨਾਲ ਕੱਸ ਕੇ ਬੰਨ੍ਹ ਦੇਂਦੇ ਹਨ। ਇਹ ਡੋਰੀਆਂ ਵੀ ਪ੍ਰੇਮੀ ਗੁੰਦਵੇਂ ਰੇਸ਼ਮੀ ਧਾਗਿਆਂ ਦੀਆਂ ਬਣਾ ਕੇ ਲਿਆਉਂਦੇ ਹਨ। ਡੋਰੀ ਦੇ ਸਿਰਿਆਂ 'ਤੇ ਪਾਵੇ ਨਾਲ ਦੋ-ਦੋ ਸੁਨਹਿਰੀ ਸੋਨੇ ਦੀਆਂ ਡੋਡੀਆਂ ਹੁੰਦੀਆਂ ਹਨ। ਇਹ ਸੇਵਾ ਇਕ ਬਜ਼ੁਰਗ ਨੇਮ-ਪ੍ਰੇਮ ਨਾਲ ਕਰਦਾ ਹੈ। ਪੀੜ੍ਹੇ ਦੀ ਤਿਆਰੀ ਉਪਰੰਤ ਦਰਸ਼ਨੀ ਕਿਰਪਾਨਾਂ ਨੂੰ ਪੀੜ੍ਹੇ 'ਤੇ ਸਜਾ ਦਿੱਤਾ ਜਾਂਦਾ ਹੈ। ਦੋ ਸੇਵਾਦਾਰ ਸੁਨਹਿਰੇ ਚੌਖਟੇ ਦੀਆਂ ਚਾਦਰਾਂ, ਗਲੀਚਿਆਂ ਨੂੰ ਤੈਹਾਂ ਮਾਰ ਕੇ ਸੰਭਾਲ ਲੈਂਦੇ ਹਨ।

ਸ੍ਰੀ ਹਰਿਮੰਦਰ ਸਾਹਿਬ 'ਚ ਸਫ਼ਾਈ-ਧੁਲਾਈ ਤੇ ਵਿਛਾਈ ਦੀ ਸੇਵਾ ਦਾ ਵੀ ਅਦਭੁਤ ਦੇਖਣਯੋਗ ਨਜ਼ਾਰਾ ਹੁੰਦਾ ਹੈ। ਸੁੱਕੀ ਸੇਵਾ ਸਮੇਂ ਸ੍ਰੀ ਹਰਿਮੰਦਰ ਸਾਹਿਬ 'ਚ ਸਜੀ ਦਰਸ਼ਨੀ ਚਾਨਣੀ, ਰੁਮਾਲਿਆਂ ਨੂੰ ਸਤਿਕਾਰ ਸਹਿਤ ਉਤਾਰ ਕੇ ਤਹਿ ਕਰਕੇ ਸੰਭਾਲ ਲਿਆ ਜਾਂਦਾ ਹੈ। ਚਾਨਣੀ ਉਤਾਰਨ ਤੋਂ ਪਹਿਲਾਂ ਸੋਨੇ ਦੇ ਛੱਬਿਆਂ ਤੇ ਸੁਨਹਿਰੀ ਝਾਲਰਾਂ ਨੂੰ ਵਿਧੀਵਤ ਢੰਗ ਨਾਲ ਉਤਾਰਿਆ ਜਾਂਦਾ ਹੈ। ਫਿਰ ਚਾਨਣੀ ਉਤਾਰੀ ਜਾਂਦੀ ਹੈ। ਸੋਨੇ ਦੇ ਛੱਬਿਆਂ ਦੀ ਸਫ਼ਾਈ ਖ਼ੁੱਦ ਫਰਾਸ਼ ਸ੍ਰੀ ਦਰਬਾਰ ਸਾਹਿਬ ਕਰਦੇ ਹਨ। ਉਨ੍ਹਾਂ ਨੂੰ ਪਰਾਤ ਵਿਚ ਸਜਾ ਲੈਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੂਨੀ ਅਸਥਾਨ ਨੂੰ ਮੋਰ ਦੇ ਖੰਭਾਂ ਨਾਲ ਸਾਫ ਕੀਤਾ ਜਾਂਦਾ ਹੈ। ਕੰਧਾਂ, ਟਿਊਬਾਂ, ਬੱਲਬਾਂ, ਆਦਿ ਨੂੰ ਸਾਫ਼ ਸਵੱਛ ਕੱਪੜਿਆਂ ਨਾਲ ਸਾਫ ਕੀਤਾ ਜਾਂਦਾ ਹੈ। ਇਨ੍ਹਾਂ ਸ਼ਬਦਾਂ ਨੂੰ ਪ੍ਰੇਮ ਨਾਲ ਗਾਇਆ ਜਾਂਦਾ ਹੈ:

- **ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥** (ਪ: 91)
- **ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥** ਪ: 969)
- **ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥** ਪ:681)

ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ 'ਚ ਲੰਮਾ ਸਮਾਂ ਹਾਜ਼ਰ ਰਹਿ ਚੁੱਕੇ ਗੁਰਪੁਰਵਾਸੀ ਗਿਆਨੀ ਕਿਰਪਾਲ ਸਿੰਘ ਦੀ ਲਿਖਤ ਮੁਤਾਬਕ ਚੰਦੋਆ (ਚਾਨਣੀ) ਹਰ ਮਹੀਨੇ ਬਦਲੀ ਜਾਂਦੀ ਹੈ ਤੇ ਰੁਮਾਲੇ ਤੀਸਰੇ ਦਿਨ, ਪਰ ਹੁਣ ਰੋਜ਼ਾਨਾ ਹੀ ਚਾਨਣੀ ਤੇ ਦਰਸ਼ਨੀ ਰੁਮਾਲੇ ਬਦਲੇ ਜਾਂਦੇ ਸੀ ਕਿਉਂਕਿ ਇਨ੍ਹਾਂ ਨੂੰ ਚੜ੍ਹਾਉਣ ਵਾਲਿਆਂ ਦੀ ਲੰਬੀ ਲਾਈਨ ਹੈ। ਸ੍ਰੀ ਹਰਿਮੰਦਰ ਸਹਿਬ ਦੇ ਸੁਨਹਿਰੀ ਚੌਖਟੇ ਦੀ ਵਿਛਾਈ ਨੂੰ ਸੰਭਾਲਣ ਦੀ ਪ੍ਰਕ੍ਰਿਆ ਦੇਖਣਯੋਗ ਹੁੰਦੀ ਹੈ। ਹੱਥੀਂ ਸੇਵਾ ਮਸ਼ੀਨੀ ਕਾਰਜ ਪ੍ਰਣਾਲੀ ਨੂੰ ਮਾਤ ਪਾ ਦਿੰਦੀ ਹੈ। ਦਰਸ਼ਨੀ ਚਾਨਣੀ ਨੂੰ ਉਤਾਰਨ ਤੋਂ ਪਹਿਲਾਂ ਸਾਹਮਣੇ ਪਾਸੇ ਲੱਗੀ ਗੁਰਬਾਣੀ ਦੀ ਪੰਗਤੀ ਵਾਲੀ ਪੱਟੀ ਉਤਾਰੀ ਜਾਂਦੀ ਹੈ। ਫਿਰ ਛੱਬੇ ਇਕ-ਇਕ ਕਰਕੇ ਉਤਾਰੇ ਜਾਂਦੇ ਹਨ। ਪਹਿਲੇ ਚੰਦੋਏ ਦੀ ਸੰਭਾਲ ਉਪਰੰਤ ਨਵਾਂ ਚੰਦੋਆ ਸਜਾ ਦਿੱਤਾ ਜਾਂਦਾ ਹੈ। ਚੰਦੋਆ ਸਜਾਉਂਦੇ ਸਮੇਂ ਸਾਲ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਕਿ ਚਾਨਣੀ ਆਪਣੇ ਨਿਸ਼ਚਿਤ ਸਥਾਨ 'ਤੇ ਲੱਗ ਸਕੇ ਅਤੇ ਚਾਨਣੀ ਦਾ ਕੇਂਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉੱਪਰ ਹੋਵੇ। ਚੰਦੋਏ 'ਤੇ ਫਿਰ ਵਿਚਕਾਰਲਾ ਵੱਡਾ ਛੱਬਾ ਲਗਾ ਦਿੱਤਾ ਜਾਂਦਾ ਹੈ ਤੇ ਸਾਹਮਣੇ ਵਾਲੇ ਛੱਬੇ 'ਤੇ ਹਾਰ ਸਜਾਏ ਜਾਂਦੇ ਹਨ। ਛੱਬਿਆਂ ਦੇ ਲੱਗ ਜਾਣ ਉਪਰੰਤ ਗੁਰਬਾਣੀ ਦੀ ਪੰਕਤੀ ਵਾਲੀ ਵਿਸ਼ੇਸ਼ ਪੱਟੀ ਚਾਨਣੀ ਦੇ ਸਾਹਮਣੇ ਲਗਾ ਦਿੱਤੀ ਜਾਂਦੀ ਹੈ। ਵੱਡੇ ਫਨੂਸ ਨੂੰ ਵੀ ਹਫ਼ਤੇ ਵਿੱਚ ਦੋ ਵਾਰ ਸਾਫ਼ ਕੀਤਾ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਜੰਗਲੇ ਰੋਜ਼ਾਨਾ ਉਤਾਰੇ ਜਾਂਦੇ ਹਨ ਤੇ ਸਫਾਈ ਉਪਰੰਤ ਨਿਸ਼ਚਿਤ ਥਾਵਾਂ 'ਤੇ ਲਗਾ ਦਿੱਤੇ ਜਾਂਦੇ ਹਨ। ਸ੍ਰੀ ਹਰਿਮੰਦਰ ਸਹਿਬ 'ਚ ਵਰਤੋਂ 'ਚ ਆਉਣ ਵਾਲੀਆਂ ਪਰਾਤਾਂ, ਬਾਟਿਆਂ, ਬਾਲਟੀਆਂ, ਡਰੰਮੀਆਂ ਆਦਿ ਨੂੰ ਵਿਸ਼ੇਸ਼ ਤਰੀਕੇ ਨਾਲ ਸਾਫ-ਸਵੱਛ ਕੀਤਾ ਜਾਂਦਾ ਹੈ। ਅੰਮ੍ਰਿਤ ਸਰੋਵਰ ਦੀ ਪਰਿਕ੍ਰਮਾ ਨੂੰ ਰੋਜ਼ਾਨਾ ਦੋ ਵਾਰ ਜਲ ਨਾਲ ਧੋਇਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਸਰਦੀਆਂ ਵਿੱਚ ਲਗਭੱਗ ਘੰਟਾ ਤੇ ਗਰਮੀਆਂ ਵਿਚ ਇਕ ਘੰਟਾ ਬੰਦ ਰਹਿੰਦੇ ਹਨ। ਇਹ ਦਰਵਾਜ਼ੇ ਸੁਕੀ ਸੇਵਾ ਉਪਰੰਤ ਫਰਾਸ਼, ਸ੍ਰੀ ਦਰਬਾਰ ਸਾਹਿਬ ਬੰਦ ਕਰ ਦਿੰਦਾ ਹੈ।

ਰੋਜ਼ਾਨਾ ਹੀ ਹਰਿ ਕੀ ਪੌੜੀ ਦੇ ਫੱਟਿਆਂ ਨੂੰ ਚੁੱਕ ਕੇ ਸਫ਼ਾਈ ਕੀਤੀ ਜਾਂਦੀ ਹੈ ਤੇ ਛੋਟੀ ਪਰਿਕ੍ਰਮਾ, ਪੁਲ ਦੀ ਧੁਲਾਈ ਉਪਰੰਤ ਮੈਟਾਂ ਅਤੇ ਟਾਟਾਂ ਨੂੰ ਝਾੜ ਕੇ ਵਿਛਾਇਆ ਜਾਂਦਾ ਹੈ। ਪੁਲ ਦੇ ਜੰਗਲਿਆਂ ਨੂੰ ਹਫ਼ਤੇ ਬਾਅਦ ਸਾਫ਼ ਕਰਕੇ ਪਾਲਸ਼ ਕੀਤਾ ਜਾਂਦਾ ਹੈ। ਚੌਂਕੀ ਸੇਵਾ ਵੀ ਦੇਖਣਯੋਗ ਹੁੰਦੀ ਹੈ। ਸੇਵਾਦਾਰ ਪੀੜ੍ਹੀ ਦਰ ਪੀੜ੍ਹੀ ਇਹ ਸੇਵਾ ਨਿਭਾ ਰਹੇ ਹਨ। ਸਵੇਰੇ ਸ਼ਾਮ ਵਿਸ਼ੇਸ਼ ਚੌਂਕੀ ਕੱਢੀ ਜਾਂਦੀ ਹੈ, ਜੋ ਸਰੋਵਰ ਦੀ ਪਰਿਕ੍ਰਮਾ ਕਰਨ ਨਾਲ ਅਰਦਾਸ ਉਪਰੰਤ ਸੰਪੂਰਨ ਹੁੰਦੀ ਹੈ। ਸੁਕੀ ਸੇਵਾ ਸਮੇਂ ਰੋਜ਼ਾਨਾ ਹਾਜ਼ਰੀ ਭਰਨ ਵਾਲਿਆਂ ਵਿੱਚ ਭਾਈ ਪੂਰਨ ਸਿੰਘ ਉਮਰ 83 ਸਾਲ, ਭਾਈ ਪ੍ਰਿਤਪਾਲ ਸਿੰਘ ਉਮਰ 75 ਸਾਲ ਤੇ ਸ: ਹਰਭਜਨ ਸਿੰਘ ਭਾਟੀਆ, ਭਾਈ ਪ੍ਰੀਤਮ ਸਿੰਘ, ਭਾਈ ਸਵਿੰਦਰ ਸਿੰਘ ਤੇ ਸਾਥੀ ਸ਼ਾਮਲ ਹਨ, ਜੋ ਦਹਾਕਿਆਂ ਤੋਂ ਇਹ ਸੇਵਾ ਨਿਭਾ ਰਹੇ ਹਨ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੂਨੀ ਭਾਗ ਤੇ ਛੋਟੀ ਪਰਿਕ੍ਰਮਾ ਦੀ ਦੁੱਧ ਤੇ ਜਲ ਨਾਲ ਧੁਲਾਈ-ਸਫਾਈ ਨੂੰ ਇਸ਼ਨਾਨ ਦੀ ਸੇਵਾ ਕਿਹਾ ਜਾਂਦਾ ਹੈ। ਇਸ਼ਨਾਨ ਦੀ ਸੇਵਾ ਨੂੰ ਪ੍ਰੰਪਰਾ ਅਤੇ ਮਰਿਯਾਦਾ ਅਨੁਸਾਰ ਕਰਨ/ਕਰਵਾਉਣ ਵਾਸਤੇ ਮੈਨੇਜਰ, ਸ੍ਰੀ ਦਰਬਾਰ ਸਾਹਿਬ ਸੇਵਾਦਾਰਾਂ ਨੂੰ ਵਿਸ਼ੇਸ਼ ਸ਼ਨਾਖਤੀ ਕਾਰਡ ਜਾਰੀ ਕਰਦਾ ਹੈ। ਅੰਮ੍ਰਿਤ ਵੇਲੇ ਕਿਉਂਕਿ ਦਰਸ਼ਨੀ ਡਿਉਢੀ ਦੇ ਕਿਵਾੜ ਬੰਦ ਹੁੰਦੇ ਹਨ ਤੇ ਸੇਵਾਦਾਰ ਮੁੱਖ ਕਿਵਾੜ ਦੀ ਬਾਰੀ ਰਾਹੀਂ ਹੀ ਅੰਦਰ ਜਾ ਸਕਦੇ ਹਨ। ਦਰਸ਼ਨੀ ਡਿਉਢੀ ਦੇ ਬਾਹਰ ਸੇਵਾਦਾਰ ਆਪਣੇ ਸ਼ਨਾਖਤੀ ਕਾਰਡ ਦਿਖਾ ਕੇ ਅੰਦਰ ਪ੍ਰਵੇਸ਼ ਕਰਦੇ ਹਨ। ਫਰਾਸ਼ ਸੰਖੇਪ ਅਰਦਾਸ ਕਰਕੇ ਪਹਿਲਾਂ ਹਰਿਮੰਦਰ ਸਾਹਿਬ ਦੇ ਫਰਸ਼ ਨੂੰ ਦੁੱਧ ਨਾਲ ਧੋਂਦਾ ਹੈ ਫਿਰ ਹਰਿ ਕੀ ਪੌੜੀ ਤੋਂ ਜਲ ਨਾਲ ਇਸ਼ਨਾਨ ਕਰਵਾਇਆ ਜਾਂਦਾ ਹੈ। ਭਾਵਨਾ ਨਾਲ ਸੇਵਾ ਉਪਰੰਤ ਵਿਛਾਈ ਦੀ ਸੇਵਾ ਪ੍ਰੇਮੀ ਸਿੰਘ ਸ਼ਰਧਾ-ਸਤਿਕਾਰ ਨਾਲ ਕਰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਵਿਛਾਈ ਏਨੇ ਨਿਯਮਿਤ ਢੰਗ ਦੁਆਰਾ ਕੀਤੀ ਜਾਂਦੀ ਹੈ ਕਿ ਦੇਖਣ ਵਾਲਾ ਅਚੰਭਿਤ ਹੋ ਜਾਂਦਾ ਹੈ। ਇਨ੍ਹਾਂ ਵਿਸਮਾਦੀ ਪਲਾਂ ਨੂੰ ਕੇਵਲ ਮਾਣਿਆ ਜਾ ਸਕਦਾ ਹੈ, ਬਿਆਨ ਨਹੀਂ ਕੀਤਾ ਜਾ ਸਕਦਾ। ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਸਤੇ ਸੁਕੀ ਸੇਵਾ ਸਮੇਂ ਹੀ ਸਜਾਇਆ ਪੀੜਾ, ਫਰਸ਼ ਦੀ ਵਿਛਾਈ ਉਪਰੰਤ ਨਿਸ਼ਚਿਤ ਸਥਾਨ 'ਤੇ ਟਿਕਾ ਦਿੱਤਾ ਜਾਂਦਾ ਹੈ। ਪ੍ਰਕਾਸ਼ ਅਸਥਾਨ ਦੀ ਵਿਛਾਈ, ਗ੍ਰੰਥੀ ਸਿੰਘਾਂ ਦੇ ਬੈਠਣ, ਚੌਰ ਬਰਦਾਰ, ਅਰਦਾਸੀਆ ਤੇ ਸੇਵਾਦਾਰ ਦੇ ਬੈਠਣ ਵਾਸਤੇ ਵਿਛਾਈ ਨਾਲੋਂ ਵਿਸ਼ੇਸ਼, ਸਵੱਛ, ਉਚੇਰੀ ਹੁੰਦੀ ਹੈ। ਸ਼ੁੱਧ ਅਤਰ ਦੀ ਵਰਤੋਂ ਸੁਗੰਧੀ ਵਾਸਤੇ ਕੀਤੀ ਜਾਂਦੀ ਹੈ, ਜੋ ਗੁਰੂ ਪ੍ਰੇਮੀ ਸੇਵਾ 'ਚ ਹਾਜ਼ਰ ਕਰਦੇ ਹਨ।

ਸ੍ਰੀ ਹਰਿਮੰਦਰ ਸਾਹਿਬ ਦੀ ਇਸ਼ਨਾਨ ਦੀ ਸੇਵਾ 'ਚ ਭਾਈ ਜੋਗਿੰਦਰ ਸਿੰਘ (ਤਾਇਆ ਜੀ), ਭਾਈ ਧਨਵੰਤ ਸਿੰਘ, ਭਾਈ ਅਵਤਾਰ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਪਿਆਰਾ ਸਿੰਘ ਤੇ ਸਾਥੀ ਪਿਛਲੇ 30-35 ਸਾਲਾਂ ਤੋਂ ਨਿਰੰਤਰ ਹਾਜ਼ਰੀ ਭਰ ਰਹੇ ਹਨ। ਵਿਛਾਈ ਦੀ ਸੇਵਾ ਸੰਪੂਰਨ ਹੋਣ 'ਤੇ ਅਨੰਦ ਸਾਹਿਬ ਦਾ ਪਾਠ ਤੇ ਅਰਦਾਸ ਉਪਰੰਤ ਕੜਾਹ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ। ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਣ ਤੋਂ ਇਕ ਘੰਟਾ ਪਹਿਲਾਂ ਤਿੰਨ ਪਹਿਰੇ ਦੀ ਚੌਂਕੀ ਦਾ ਕੀਰਤਨ ਹੁੰਦਾ ਹੈ, ਜਿਸ ਨੂੰ ਪਹਿਲਾਂ 'ਪ੍ਰੇਮ ਦੀ ਚੌਂਕੀ' ਵੀ ਕਿਹਾ ਜਾਂਦਾ ਸੀ।

ਸੇਵਾ ਕਰਨ ਵਾਲਿਆਂ ਦੀ ਸਹਿਜ ਭਾਵਨਾ, ਸੰਤੁਸ਼ਟੀ, ਸਮਾਧੀ ਵਾਂਗ ਮਗਨ-ਮਸਤ ਸਥਿਤੀ ਨੂੰ ਮਾਨਣ ਦਾ ਕੇਵਲ ਇਕ ਹੀ ਢੰਗ ਤਰੀਕਾ ਹੈ, ਖ਼ੁੱਦ ਸੇਵਾ ਕਰਕੇ ਅਨੁਭਵ ਦਾ ਮਾਰਗ। ਅੱਖਾਂ ਨਾਲ ਸੇਵਾ ਦੇ ਅਦਭੁੱਤ ਨਜ਼ਾਰਿਆਂ ਨੂੰ ਦੇਖਿਆ ਤਾਂ ਜਾ ਸਕਦਾ ਹੈ, ਪਰ ਸੇਵਾ ਦੇ ਰਹੱਸ ਨੂੰ ਸਮਝਿਆ ਕੇਵਲ ਸੇਵਾ ਕਰ ਕੇ ਜਾ ਸਕਦਾ ਹੈ।

### ਫੁੱਲਾਂ ਦੀ ਸੇਵਾ

**ਸ੍ਰੀ ਹਰਿਮੰਦਰ ਸਾਹਿਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਗੁਲਦਸਤੇ ਸਜਾਉਣ ਦੀ ਸੇਵਾ ਭਾਈ ਸਾਹਿਬ ਭਾਈ ਵੀਰ ਸਿੰਘ ਨੇ ਆਰੰਭ ਕਰਵਾਈ ਸੀ। ਹੁਣ ਵੀ ਉਨ੍ਹਾਂ ਦੇ ਨਿਵਾਸ ਅਸਥਾਨ ਤੋਂ ਦੋ ਗੁਲਦਸਤੇ ਤਾਜ਼ੇ ਫੁੱਲਾਂ ਦੇ ਸਤਿਗੁਰਾਂ ਦੀ ਸੇਵਾ 'ਚ ਭੇਟ ਕਰਨ ਲਈ ਨਿਰੰਤਰ ਆਉਂਦੇ ਹਨ। ਇਸ ਤੋਂ ਇਲਾਵਾ ਦੋ ਗੁਲਦਸਤੇ ਰੋਜ਼ਾਨਾ ਹੋਰ ਪ੍ਰੇਮੀ ਭੇਟ ਕਰਦੇ ਹਨ। ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਪੁਰਾਣੇ ਗੁਲਦਸਤੇ ਉਠਾ ਕੇ ਹਰਿ ਕੀ ਪੌੜੀ ਤੇ ਗੁੰਬਦ 'ਚ ਸਜਾ ਦਿੱਤੇ ਜਾਂਦੇ ਹਨ।**

# ਹਰਿਮੰਦਰ ਦੀ ਅਨੋਖੀ ਮਰਿਆਦਾ

**ਡਾ: ਸਰੂਪ ਸਿੰਘ ਅਲੱਗ**

ਸਾਰੇ ਸਿੱਖ ਸੰਸਾਰ ਦੀ ਧਾਰਮਿਕ ਮਰਿਆਦਾ ਇਕ ਸਮਾਨ ਹੈ ਜੋ ਅਕਾਲ ਤਖਤ ਦੇ ਤਾਬੇ ਹੈ। ਹਰਿਮੰਦਰ ਉਸ ਮਰਿਆਦਾ ਦਾ ਸੁਚਾ ਅੰਗ ਹੋ ਕੇ ਵੀ ਆਪਣੀ ਨਵੇਕਲੀ ਹਸਤੀ ਬਣਾਈ ਰਖਣ ਦਾ ਮਾਲਕ ਹੈ, ਕਿਉਂਕਿ ਇਹ ਅਸਥਾਨ ਸਿੱਖਾਂ ਦੇ ਨਾਲ ਨਾਲ ਸਾਰੇ ਮਾਨਵ ਭਾਈਚਾਰੇ ਦਾ ਵੀ ਪੂਜਨੀਕ ਤੀਰਥ ਹੈ।

ਹਰਿਮੰਦਰ ਨੂੰ ਦੁਧ ਨਾਲ ਇਸ਼ਨਾਨ ਕਰਵਾਣ ਉਪਰੰਤ ਅੰਮ੍ਰਿਤ ਵੇਲੇ ਕੀਰਤਨ ਪ੍ਰਾਰੰਭ ਹੋ ਜਾਂਦਾ ਹੈ ਅਤੇ ਜਦ ਆਸਾ ਦੀ ਵਾਰ ਦਾ ਲਗਪਗ ਅਧਾ ਕੀਰਤਨ ਹੋ ਚੁਕਾ ਹੁੰਦਾ ਹੈ ਤਦ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਾਲਕੀ ਸਾਹਿਬ ਵਿਚ ਸ਼ਸ਼ੋਭਤ ਕਰਕੇ ਬੜੇ ਸਤਿਕਾਰੀ ਰੂਪ ਵਿਚ ਅਕਾਲ ਤਖਤ ਸਾਹਿਬ ਵਿਖੇ ਸਥਿਤ ਕੋਠਾ ਸਾਹਿਬ ਵਿਚੋਂ ਲਿਆਂਦਾ ਜਾਂਦਾ ਹੈ ਅਤੇ ਇਕ ਇਕ ਸ਼ਰਧਾਲੂ ਵਲੋਂ ਵਾਰੋ-ਵਾਰੀ ਖੜੇ ਹੋ ਕੇ ਬੜੀ ਸ਼ਰਧਾ ਭਾਵਨਾ ਨਾਲ ਭੱਟਾਂ ਦੇ ਸਵਈਆਂ ਦੇ ਗਾਇਨ ਨਾਲ ਗੁਰੂ ਮਹਾਰਾਜ ਦੇ ਪਰਕਾਸ਼ ਕਰਨ ਦੀ ਮਰਿਆਦਾ ਆਰੰਭ ਹੁੰਦੀ ਹੈ ਅਤੇ ਜਦ ਭੱਟ ਕਲਸਹਾਰ ਦੇ ਸਵੱਈਏ ਦੀ ਪੰਗਤੀ ਦੇ ਸ਼ਬਦ 'ਦਰਸਨਿ ਪਰਸਿਐ ਗੁਰੂ ਕੈ' ਉਚਾਰੇ ਜਾਂਦੇ ਹਨ ਤਦ ਗੁਰੂ ਗ੍ਰੰਥ ਸਾਹਿਬ ਨੂੰ ਸ਼ਰਧਾਮਈ ਢੰਗ ਨਾਲ ਖੋਹਲ ਕੇ ਪਰਕਾਸ਼ ਕੀਤਾ ਜਾਂਦਾ ਹੈ ਅਤੇ ਗੁਰੂ ਮਹਾਰਾਜ ਦੇ ਸਰੂਪ ਦੇ ਖਬੇ ਹੱਥ ਦੇ ਅੰਕ ਦੇ ਉਤੇ ਜੋ ਸ਼ਬਦ ਹੋਵੇ ਉਸ ਨੂੰ ਉਸ ਦਿਨ ਦਾ ਫਰਮਾਨ ਸਮਝ ਕੇ ਸੁਣਾਇਆ ਜਾਂਦਾ ਹੈ। ਜੇਕਰ ਅੰਕ ਦੇ ਪ੍ਰਾਰੰਭ ਤੇ ਪਿਛਲੇ ਪੰਨੇ ਦਾ ਸ਼ਬਦ ਚਲ ਰਿਹਾ ਹੁੰਦਾ ਹੋਵੇ ਤਾਂ ਇਕ ਪੰਨਾ ਪਿਛੇ ਜਾ ਕੇ ਜਿਥੋਂ ਉਹ ਸ਼ਬਦ ਪ੍ਰਾਰੰਭ ਹੁੰਦਾ ਹੈ ਉਥੋਂ ਹੁਕਮਨਾਮਾ ਲਿਆ ਜਾਂਦਾ ਹੈ। ਹੁਕਮਨਾਮਾ ਲੈਣ ਉਪਰੰਤ ਫੌਰਨ ਹੀ ਹੁਕਮਨਾਮੇ ਵਾਲੇ ਖੁਲ੍ਹੇ ਹੋਏ ਪੰਨਿਆਂ ਤੇ ਪਲਕਾਂ ਪਾ ਕੇ ਉਨ੍ਹਾਂ ਨੂੰ ਢੱਕ ਦਿੱਤਾ ਜਾਂਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੁਖ ਆਸਨ ਵਾਲੇ ਵਸਤਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਕਜ ਕੇ ਉੱਪਰ ਸੁਹਣੇ ਰੁਮਾਲੇ ਸਜਾ ਦਿੱਤੇ ਜਾਂਦੇ ਹਨ। ਬਾਕੀ ਗੁਰਧਾਮਾਂ ਤੇ ਪ੍ਰਥਾ ਕੁਝ ਇਸ ਪ੍ਰਕਾਰ ਦੀ ਹੈ ਕਿ ਉਥੇ ਪਹਿਲੇ ਗੁਰੂ ਮਹਾਰਾਜ ਦਾ ਪਰਕਾਸ਼ ਕੀਤਾ ਜਾਂਦਾ ਹੈ ਤੇ ਫਿਰ ਉਨ੍ਹਾਂ ਦੀ ਹਾਜ਼ਰੀ ਵਿਚ ਕੀਰਤਨ ਆਰੰਭ ਹੁੰਦਾ ਹੈ। ਹੁਕਮਨਾਮਾ ਲੈਣ ਉਪਰੰਤ ਗੁਰੂ ਮਹਾਰਾਜ ਦੇ ਸਰੂਪ ਤੇ ਰੁਮਾਲਾ ਚੜ੍ਹਾ ਦਿੱਤਾ ਜਾਂਦਾ ਹੈ ਸਫੇਦ ਚਾਦਰਾਂ ਵਿਚ ਵਲੇਟਿਆ ਨਹੀਂ ਜਾਂਦਾ।

ਆਮ ਗੁਰਦਵਾਰਿਆਂ ਅਤੇ ਧਾਰਮਿਕ ਅਸਥਾਨਾਂ ਤੇ ਕੀਰਤਨ ਉਪਰੰਤ ਆਨੰਦ ਸਾਹਿਬ ਦੀਆਂ 6 ਪਉੜੀਆਂ ਦਾ ਗਾਇਨ ਕਰਕੇ ਸੰਗਤਾਂ ਅਰਦਾਸੇ ਲਈ ਸੁਚੇਤ ਹੁੰਦੀਆਂ ਹਨ ਅਤੇ 'ਤੂ ਠਾਕਰ ਤੁਮ ਪੈ ਅਰਦਾਸਿ' ਵਾਲੇ ਸ਼ਬਦ ਦਾ ਸਾਂਝਾ ਗਾਇਨ ਹੁੰਦਾ ਹੈ। ਅਰਦਾਸੇ ਮਗਰੋਂ ਵੀ 'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ' ਦੀਆਂ ਪੰਗਤੀਆਂ ਪੜ੍ਹ ਕੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਂਦਾ ਹੈ ਤੇ ਇਸ ਪਿੱਛੋਂ ਹੁਕਮਨਾਮਾ ਲਿਆ ਜਾਂਦਾ ਹੈ ਪਰ ਹਰਮਿੰਦਰ ਸਾਹਿਬ ਵਿਖੇ ਪਹਿਲੇ ਹੁਕਮਨਾਮਾ ਲਿਆ ਜਾਂਦਾ ਹੈ, ਕੁਝ ਚਿਰ ਲਈ ਗੁਰਬਾਣੀ ਦੇ ਇਕ ਦੋ ਸ਼ਬਦ ਹੋਰ ਗਾਇਨ ਕਰਨ ਉਪਰੰਤ ਆਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਗਾਇਨ ਕਰਨ ਉਪਰੰਤ ਅਰਦਾਸਾ ਕੀਤਾ ਜਾਂਦਾ ਹੈ। ਅਰਦਾਸੇ ਤੋਂ ਪਹਿਲੇ ਤੇ ਪਿਛੋਂ ਖੜ੍ਹ ਕੇ ਕੋਈ ਉਸਤਤੀ ਸ਼ਬਦ ਆਦਿ ਨਹੀਂ ਗਾਇਆ ਜਾਂਦਾ ਤੇ ਨਾ ਹੀ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦਾ ਜੈਕਾਰਾ ਲਗਾਇਆ ਜਾਂਦਾ ਹੈ। ਇਹ ਪ੍ਰਥਾ ਆਮ ਗੁਰਧਾਮਾਂ ਤੋਂ ਹਟਵੀਂ ਹੈ। ਪਰ ਕਮਾਲ ਦੀ ਗੱਲ ਇਹ ਵੀ ਹੈ ਕਿ ਸਵੇਰੇ 7 ਵਜੇ ਦੇ ਕਰੀਬ ਜਦ ਦੂਜੀ ਵਾਰੀ ਉਹੀ ਹੁਕਮਨਾਮਾ ਲਿਆ ਜਾਂਦਾ ਹੈ ਤਾਂ ਉਸ ਤੋਂ ਪਹਿਲੇ ਆਮ ਗੁਰਧਾਮਾਂ ਵਾਲੀ ਪ੍ਰਚਲਤ ਮਰਿਆਦਾ ਅਨੁਸਾਰ ਪਹਿਲੇ ਅਰਦਾਸਾ ਕੀਤਾ ਜਾਂਦਾ ਹੈ ਤੇ ਉਸ ਤੋਂ ਮਗਰੋਂ ਹੀ ਹੁਕਮਨਾਮਾ ਲਿਆ ਜਾਂਦਾ ਹੈ। ਪਰ ਅਰਦਾਸ ਤੋਂ ਪਹਿਲੇ ਅਤੇ ਮਗਰੋਂ ਉਸਤਤੀ ਦੇ ਸ਼ਬਦ ਫਿਰ ਵੀ ਨਹੀਂ ਪੜ੍ਹੇ ਜਾਂਦੇ।

ਹਰਿਮੰਦਰ ਸਾਹਿਬ ਵਿਖੇ ਕਿਸੇ ਵੀ ਸੂਰਤ ਵਿਚ ਕੋਈ ਵਿਖਿਆਨ, ਕੋਈ ਲੈਕਚਰ, ਕੋਈ ਭਾਸ਼ਨ ਹਰਗਿਜ਼ ਹਰਗਿਜ਼ ਨਹੀਂ ਕੀਤਾ ਜਾ ਸਕਦਾ। ਕਈ ਸਦੀਆਂ ਤੋਂ ਬਦਸਤੂਰ ਅਜਿਹਾ ਹੁੰਦਾ ਆ ਰਿਹਾ ਹੈ ਪਰ ਬਾਕੀ ਗੁਰਧਾਮਾਂ ਤੇ ਧਾਰਮਿਕ ਤੇ ਰਾਜਨੀਤਕ ਗਤੀ-ਵਿਧੀਆਂ ਇਕੱਠੀਆਂ ਤੋਰੀਆਂ ਜਾਂਦੀਆਂ ਹਨ। ਹਰਿਮੰਦਰ ਹਰ ਪ੍ਰਕਾਰ ਦੀ ਰਾਜਨੀਤੀ ਤੋਂ ਪਾਕ ਹੈ। ਇਥੇ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਸੋਹਲੇ ਹੀ ਗਾਏ ਜਾਂਦੇ ਹਨ। ਦੁਨੀਆ ਵਿਚ ਕੁਝ ਵੀ ਚੰਗਾ ਮਾੜਾ ਕਿਉਂ ਨਾ ਵਾਪਰਿਆ ਹੋਇਆ ਹੋਵੇ, ਹਰਿਮੰਦਰ ਸਾਹਿਬ ਦੀ ਮਰਿਆਦਾ ਅਤੇ ਨਿਤਾ ਪਰਤੀ ਦੇ ਕਰਮ ਤੇ ਉਸ ਦਾ ਕੋਈ ਅਸਰ ਨਹੀਂ ਹੁੰਦਾ। ਕੌਮ ਦੁਖ ਵਿਚ ਹੋਵੇ ਜਾਂ ਸੁਖ ਵਿਚ, ਹਰਿਮੰਦਰ ਸਾਹਿਬ ਦੀ ਕਿਰਿਆ ਵਿਚ ਇਸ ਕਰਕੇ ਕੋਈ ਫਰਕ ਨਹੀਂ ਪੈਂਦਾ। ਨੀਲਾ ਤਾਰਾ ਅਤੇ ਬਲੈਕ ਥੰਡਰ ਓਪਰੇਸ਼ਨਾਂ ਦੇ ਕੁਝ ਦੁਖਦਾਈ ਦਿਨਾਂ ਤੋਂ ਇਲਾਵਾ ਇਸ ਅਸਥਾਨ ਤੇ ਸਾਰੀ ਮਰਿਆਦਾ ਹਰ ਹਾਲਤ ਵਿਚ ਪੂਰੀ ਤਰ੍ਹਾਂ ਪੂਰੇ ਸਤਿਕਾਰ ਤੇ ਸ਼ਰਧਾ ਨਾਲ ਕਾਫੀ ਲੰਮੇ ਅਰਸੇ ਤੋਂ ਨਿਰਵਿਘਨ ਨਿਭਾਈ ਜਾ ਰਹੀ ਹੈ। ਸਰਦੀ, ਗਰਮੀ, ਬਾਰਸ਼, ਹਨੇਰੀ, ਝਖੜ ਤੇ ਵਾਵਰੋਲਿਆਂ ਦੇ ਪ੍ਰਭਾਵਾਂ ਤੋਂ ਇਹ ਮਰਿਆਦਾ ਅਭਿਜ ਹੈ। ਹਰ ਕਾਰਜ ਨਿਸਚਤ ਸਮੇਂ ਤੇ ਹੀ ਹੋਣਾ ਹੈ ਅਤੇ ਉਸ ਵਿਚ ਕਿਸੇ ਪ੍ਰਕਾਰ ਦੀ ਢਿਲ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਕਿਸਮ ਦੀ ਮਰਿਆਦਾ ਤੇ ਪੂਰੀ ਤਨਦੇਹੀ ਨਾਲ ਅਮਲ ਕਰਨਾ ਹਰਿਮੰਦਰ ਸਾਹਿਬ ਦੇ ਹੀ ਹਿਸੇ ਆਇਆ ਹੈ। ਸੰਗਤ ਵੀ ਹਰਿਮੰਦਰ ਸਾਹਿਬ ਵਿਚ ਜਾ ਕੇ ਕੇਵਲ ਇਕ ਮੂਕ ਸਰੋਤਾ ਬਣ ਜਾਂਦੀ ਹੈ ਜਿਸ ਦੀ ਰਸਨਾ ਬੰਦ ਤੇ ਕੰਨ ਖੁਲ੍ਹ ਜਾਂਦੇ ਹਨ। ਕੀਰਤਨ ਦਾ ਆਨੰਦ ਮਾਣਦੀ ਇਹ ਸੁਹਿਰਦ ਸੰਗਤ ਹਰਿਮੰਦਰ ਦੀਆਂ ਸਦੀਵੀ ਖੂਬੀਆਂ ਦਾ ਇਕ ਅਨਿਖੜਵਾਂ ਹਿੱਸਾ ਬਣੀ ਸ਼ਰਧਾ, ਸਤਿਕਾਰ ਤੇ ਪਿਆਰ ਦੇ ਵਾਤਾਵਰਨ ਵਿਚ ਆਪਣੇ ਆਪਣੇ ਹਿਰਦਿਆਂ ਵਿਚ 'ਵਾਹਿਗੁਰੂ', 'ਵਾਹਿਗੁਰੂ' ਦੇ ਸ਼ਬਦਾਂ ਨੂੰ ਸੁੱਚੇ ਮੋਤੀਆਂ ਦੀ ਮਾਲਾ ਵਿਚ ਪਰੋਂਦੀ ਹੋਈ ਹਰਿਮੰਦਰ ਦੇ ਨੂਰਾਨੀ ਹੁਸਨ ਨੂੰ ਹੋਰ ਸ਼ੋਭਨੀਕ ਬਣਾਉਣ ਵਿਚ ਪੇਸ਼ ਪੇਸ਼ ਰਹਿੰਦੀ ਹੈ। ਸੱਚੀ ਭਾਵਨਾ ਤੇ ਸੁੱਚੀ ਲਗਨ ਨਾਲ ਇਹ ਅਮਲ ਚਲਦਾ ਹੀ ਜਾ ਰਿਹਾ ਹੈ ਤੇ ਗੁਰੂ ਕਿਰਪਾ ਸਦਕਾ ਚਲਦਾ ਹੀ ਰਹੇਗਾ।



ਆਮ ਗੁਰਧਾਮਾਂ ਵਿਖੇ ਕੋਈ ਵੀ ਸ਼ਰਧਾਲੂ ਗੁਰੂ ਮਹਾਰਾਜ ਦੀ ਤਾਬਿਆ ਵਿੱਚ ਬੈਠ ਸਕਦਾ ਹੈ, ਹੁਕਮਨਾਮਾ ਵੀ ਲੈ ਸਕਦਾ ਹੈ ਪਰ ਹਰਿਮੰਦਰ ਸਾਹਿਬ ਵਿਖੇ ਕੇਵਲ ਨਿਸ਼ਚਤ ਗ੍ਰੰਥੀ ਹੀ ਇਹ ਸੇਵਾ ਨਿਭਾਅ ਸਕਦੇ ਹਨ, ਹੋਰ ਕੋਈ ਤਾਬਿਆ ਵਿਚ ਨਹੀਂ ਬੈਠ ਸਕਦਾ।

ਹਰਿਮੰਦਰ ਦੀ ਬਣਤਰ ਤੇ ਦਿਖ ਆਮ ਮੰਦਰਾਂ ਤੇ ਧਾਰਮਿਕ ਅਸਥਾਨਾਂ ਤੋਂ ਬਿਲਕੁਲ ਨਿਆਰੀ ਹੈ। ਜੇ ਮੀਰੀ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਉਚੇ ਅਸਥਾਨ ਤੇ ਸਥਿਤ ਹੈ ਤਾਂ ਪੀਰੀ, ਹਲੀਮੀ ਤੇ ਨਿਮਰਤਾ ਦਾ ਸਰਚਸ਼ਮਾ ਹਰਿਮੰਦਰ ਸਾਹਿਬ ਨੀਵੀਂ ਥਾਂ ਤੇ ਸ਼ਸ਼ੋਭਤ ਹੈ। ਜੇ ਅਕਾਲ ਤਖਤ ਸ਼ਕਤੀ ਪ੍ਰਚੰਡ ਕਰਦਾ ਹੈ ਤਾਂ ਹਰਿਮੰਦਰ ਵਿਚ ਲਗੀ ਇਕ ਇਕ ਇੱਟ, ਸੰਗਮਰ ਦੀ ਹਰ ਇਕ ਸਲੈਬ, ਸੋਨੇ ਵਿਚ ਮੜ੍ਹਿਆ ਪ੍ਰਤੀ ਏਕ ਪਤਰਾ ਤੇ ਪੁੜਾ ਗੁਰਬਾਣੀ ਦੇ ਅਰਥਾਂ ਦੀ ਤਰਜਮਾਨੀ ਕਰਦਾ ਹੈ। ਹਰਿਮੰਦਰ ਦੀ ਮਰਿਆਦਾ ਦੇ ਖੁਲ੍ਹੇ-ਪੰਨ ਦਾ ਇਕ ਪ੍ਰਤਾਪੀ ਗੁਣ ਇਹ ਵੀ ਹੈ ਕਿ ਇਸ ਦੇ ਚਾਰੇ ਪਾਸੇ ਲਗੇ ਦਰਵਾਜ਼ਿਆਂ ਦੇ ਬਾਹਰ ਜੰਦਰੇ ਕੁੰਡੇ ਲਗਾਣ ਦੀ ਵਿਵਸਥਾ ਹੀ ਕੋਈ ਨਹੀਂ। ਇਸ ਲਈ ਇਹ ਦਰਬਾਰ ਬੰਦ ਹੋ ਹੀ ਨਹੀਂ ਸਕਦਾ, ਇਹ ਹਰ ਵਕਤ ਖੁੱਲ੍ਹਾ ਹੈ ਤੇ ਹਰ ਕਿਸੇ ਲਈ ਖੁੱਲ੍ਹਾ ਹੈ। ਇਹ ਵੀ ਇਸ ਦੀ ਇਕ ਗੌਰਵਮਈ ਵਿਲਖਣਤਾ ਹੈ। ਹਰਿਮੰਦਰ ਦਾ ਸਰੂਪ ਮਾਨੋ ਤਿੰਨਾਂ ਲੋਕਾਂ ਵਿਚ ਪਸਰਿਆ ਹੋਇਆ ਹੈ। ਇਸ ਦੀਆਂ ਨੀਹਾਂ ਜਲ ਵਿਚ ਹਨ, ਪਰਕਾਸ਼ ਧਰਤੀ ਤੇ ਹੈ ਅਤੇ ਦਰਸ਼ਨ ਅਕਾਸ਼ ਵਿਚੋਂ ਚਮਕਦੇ ਹਨ। ਜੇ ਗਗਨਾਂ ਵਿਚ ਇਸ ਦੀ ਸੁਨਹਿਰੀ ਸ਼ਾਨ ਤੇਜਮਾਨ ਹੈ ਤਾਂ ਧਰਤੀ ਤੇ ਸ਼ਾਂਤੀ ਦਾ ਸੁਨੇਹਾ ਦੇਂਦਾ ਸਫ਼ੇਦ ਰੰਗ ਹਰ ਕਿਸੇ ਨੂੰ ਸੁਖਾਵਾਂ ਹੁਲਾਰਾ ਬਖਸ਼ਦਾ ਹੈ ਅਤੇ ਜਲ ਵਿੱਚ ਸਦਾ ਡੁੱਬਿਆ ਭਾਗ ਜਾਨ ਹੂਲ ਕੇ ਤੇ ਗੁਮਨਾਮ ਰਹਿ ਕੇ ਨਿਸ਼ਕਾਮ ਸੇਵਾ ਦੀ ਅਮਲੀ ਗਵਾਹੀ ਭਰਦਾ ਹੈ। ਕਮਾਲ ਹੈ ਹਰਿਮੰਦਰ ਦੀ ਸਿਰਜਨਾ। ਸਦਕੇ ਜਾਈਏ ਇਸ ਦੀ ਅਤੀ ਵਿਲਖਣ ਤੇ ਮਨਮੋਹਣੀ ਸਿਰਜਨਾ ਵਿਉਂਤ ਤੋਂ।

**ਕਹਾਂ ਬੁਧ ਪ੍ਰਭ ਤੁਛ ਹਮਾਰੀ ॥**
**ਬਰਨਿ ਸਕੈ ਮਹਿਮਾ ਜੁ ਤਿਹਾਰੀ ॥**

# ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ

**ਭਾਈ ਕਾਹਨ ਸਿੰਘ ਸੇਵਾ ਪੰਥੀ**

(**ਲੜੀਵਾਰ**)-

ਪਦ ਅਰਥ: ਹਰਿ ਰੰਗ-ਹਰੀ ਦੇ ਪਿਆਰ ਵਿੱਚ, ਸਾਰਿਗਪਾਣੀ, ਧਨੁਖਧਾਰੀ ਪ੍ਰਭੂ ਭਾਵ ਸ਼ਕਤੀ ਦਾ ਮਾਲਕ।

ਅਰਥ: ਹੇ ਪਿਆਰੇ ਗੁਰਸਿੱਖੋ! ਧਨੁਖਧਾਰੀ ਭਾਵ ਸਰਬ-ਸ਼ਕਤੀਮਾਨ ਪਰਮਾਤਮਾ ਦਾ ਨਾਮ ਸਿਮਰੋ ਤੇ ਉਸ ਪ੍ਰਭੂ ਦੇ ਪਿਆਰ ਵਿੱਚ ਸਦਾ ਜੁੜੇ ਰਹੋ। ਇਹ ਮ੍ਰਿਤੂ ਤੋਂ ਰਹਿਤ ਕਰਨ ਵਾਲਾ, ਆਤਮਿਕ ਅਨੰਦ ਦੇਣ ਵਾਲਾ ਨਾਮ ਅੰਮ੍ਰਿਤ ਜਲ ਪੀਉ!

**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥**

ਅਰਥ: ਗੁਰੂ ਸਾਹਿਬ ਜੀ ਆਖਦੇ ਹਨ ਕਿ ਹੇ ਪਿਆਰੇ ਗੁਰਸਿੱਖੋ! ਪਰਮਾਤਮਾ ਦੀ ਸਿਫ਼ਤ ਸਲਾਹ ਵਾਲੀ ਇਸ ਸੱਚੀ ਬਾਣੀ ਨੂੰ ਪਿਆਰ ਵਿੱਚ ਸਦਾ ਗਾਇਨ ਕਰੋ। ਇਹ ਆਤਮਿਕ ਅਨੰਦ ਦੇਣ ਵਾਲੀ ਸੱਚੀ ਬਾਣੀ ਹੈ।




ਭਾਵ ਅਰਥ: ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਬੜੇ ਪਿਆਰ ਨਾਲ ਗੁਰੂ ਨਾਨਕ ਦੀਆਂ ਸੰਗਤਾਂ ਨੂੰ ਸਤਿਗੁਰੂ ਦੇ ਪਿਆਰੇ ਸਿੱਖ ਆਖ ਕੇ ਆਵਾਜ਼ਾਂ ਮਾਰਦੇ ਹਨ ਕਿ ਆਉ ਸਤਿਗੁਰੂ ਦੇ ਪਿਆਰੇ ਸਿੱਖੋ! ਸੰਤ ਜਨੋਂ! ਆਉ ਰਲ-ਮਿਲ ਕੇ ਸੱਚੀ ਬਾਣੀ ਦਾ ਗਾਇਨ ਕਰੋ। 'ਗਾਇਨ' ਦਾ ਮਤਲਬ ਹੈ ਕੀਰਤਨ ਕਰਨਾ। ਗੁਰੂ ਸਾਹਿਬਾਂ ਨੇ ਜਿੰਨੀ ਵੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਕੀਤੀ ਹੈ। ਇਹ ਸਾਰੀ ਬਾਣੀ ਰਾਗਾਂ ਵਿੱਚ ਸਤਿਗੁਰਾਂ ਨੇ ਆਪ ਉਚਾਰਨ ਕੀਤੀ ਹੈ, ਹਰ ਇੱਕ ਸ਼ਬਦ ਦੇ ਨਾਲ ਸਿਰਲੇਖ ਦਿੱਤਾ ਹੈ ਕਿ ਇਸ ਰਾਗ ਵਿੱਚ ਬਾਣੀ ਨੂੰ ਗਾਇਨ ਕਰਨਾ ਹੈ। ਜਿਵੇਂ ਰਾਗੁ ਗਉੜੀ ਦੀਪਕੀ ਮਹਲਾ ੧, ਗਉੜੀ ਦੇ ਦੀਪਕੀ ਰਾਗ ਵਿੱਚ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਾਰਨ ਕੀਤੀ ਹੈ। ਇਹ ਅਨੰਦੁ ਸਾਹਿਬ ਦੀ ਬਾਣੀ ਹੈ ਜੋ (ਰਾਮਕਲੀ ਮਹਲਾ ੩ ਅਨੰਦੁ) ਰਾਮਕਲੀ ਰਾਗ ਵਿੱਚ ਗੁਰੂ ਸਾਹਿਬਾਨਾਂ ਨੇ ਇਸ ਦਾ ਗਾਇਨ ਆਪ ਕੀਤਾ ਹੈ। ਸੋ ਸਾਰੀ ਬਾਣੀ ਰਾਗਾਂ ਅੰਦਰ ਉਚਾਰਨ ਕੀਤੀ ਜਾਂਦੀ ਹੈ, ਜਿੱਥੇ ਬਾਣੀ ਨੂੰ ਕਵਿਤਾ ਦਾ ਰੂਪ ਦਿੱਤਾ ਹੈ ਉੱਥੇ ਹਰੇਕ ਸ਼ਬਦ ਨੂੰ ਰਾਗਾਂ ਵਿੱਚ ਉਚਾਰਨ ਦੀ ਵਿਧੀ ਦੱਸੀ ਹੈ। ਸੋ ਗੁਰੂ ਮਹਾਰਾਜ ਜੀ ਕਹਿ ਰਹੇ ਹਨ। ਕਿ ਸੱਚੀ ਬਾਣੀ ਦਾ ਕੀਰਤਨ ਕਰੋ ਜੋ ਸਦਾ ਥਿਰ ਪ੍ਰਭੂ ਨੇ ਆਪ ਉਚਾਰਨ ਕੀਤੀ ਹੈ ਬਾਣੀ ਦਾ ਜਾਪ ਕਰੋ, ਕੀਰਤਨ ਕਰੋ ਪਰ ਗੁਰੂ ਜੀ ਦੀ ਬਾਣੀ ਦਾ। ਹੁਣ ਦੇਖਣਾ ਇਹ ਹੈ ਕਿ ਕਿਸ ਨੂੰ ਅਸੀਂ ਗੁਰੂ ਆਖਦੇ ਹਾਂ? ਗੁਰੂ ਉਹ ਹੈ ਜੋ ਬ੍ਰਹਮ ਦੀ ਪਹਿਚਾਣ ਕਰਨ ਵਾਲਾ ਹੈ, ਉਸ ਦਾ ਨਾਂ ਸਤਿਗੁਰੂ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕਥਨ ਹੈ:

ਸਤਿ ਪੁਰਖੁ ਜਿਨਿ ਜਾਨਿਆ
ਸਤਿਗੁਰੁ ਤਿਸ ਕਾ ਨਾਉ ॥੧॥੧੮॥

(ਗਉੜੀ ਸੁਖਮਨੀ ਮ: ੫, ਪੰਨਾ ੨੮੬)

ਫਿਰ ਸਤਿਗੁਰੂ ਦੀ ਨਿਸ਼ਾਨੀ ਦੱਸੀ ਹੈ:

ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥੮॥

(ਗਉੜੀ ਕੀ ਵਾਰ ਮਹਲਾ ੪, ਪੰਨਾ ੩੦੪)

ਉਹ ਪੁਰਖ ਸਤਿਗੁਰੂ ਹੈ ਜਿਸ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਚੰਗੀ ਤਰ੍ਹਾਂ ਆਪਣੇ ਕੰਟਰੋਲ ਵਿੱਚ ਕੀਤੇ ਹੋਏ ਹਨ, ਕਾਬੂ ਵਿੱਚ ਰੱਖੇ ਹਨ। ਇਨ੍ਹਾਂ ਵਿਕਾਰਾਂ ਦਾ ਪ੍ਰਭਾਵ ਆਪਣੇ 'ਤੇ ਨਹੀਂ ਪੈਣ ਦਿੱਤਾ। ਇਹ ਨਿਸ਼ਾਨੀਆਂ ਦਸ ਗੁਰੂ ਸਾਹਿਬਾਨ ਦੇ ਅੰਦਰ ਵੇਖੀਏ ਤੇ ਹੋਰ ਦੇਵੀ-ਦੇਵਤਿਆਂ ਅੰਦਰ ਦੇਖੀਏ ਤਾਂ ਬੜਾ ਅੰਤਰ ਹੈ। ਦੇਵਤਿਆਂ ਬਾਰੇ ਗੁਰੂ ਸਾਹਿਬਾਨ ਨੇ ਆਪ ਦਰਸਾਇਆ ਹੈ ਕਿ ਇਹ ਹਉਮੈਂ ਦੇ ਰੋਗੀ ਹਨ। ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥੨॥੩॥੧੪॥

(**ਸੂਹੀ ਮਹਲਾ ੪, ਪੰਨਾ ੭੩੫**)

ਸੋ ਦੇਵੀ ਦੇਵਤੇ ਵੱਡੇ-ਵੱਡੇ ਵਿਦਵਾਨ ਪੰਡਤ ਉਨ੍ਹਾਂ ਚਿਰ ਗੁਰੂ ਨਹੀਂ ਅਖਵਾ ਸਕਦੇ ਜਿਨ੍ਹਾਂ ਚਿਰ ਉਨ੍ਹਾਂ ਅੰਦਰ ਗੁਰੂ ਵਾਲੇ ਗੁਣ ਵਾਲੇ ਪੈਦਾ ਨਹੀਂ ਹੋ ਸਕਦੇ। ਜਿਸ ਵਿਅਕਤੀ ਦੇ ਅੰਦਰ ਉਪਰੋਕਤ ਗੁਣ ਹਨ ਉਹੀ ਸਤਿਗੁਰੂ ਹੈ ਤੇ ਸਤਿਗੁਰੂ ਆਪ ਸੱਚਾ ਮਨੁੱਖ ਹੈ, ਉਸ ਦਾ ਹਿਰਦਾ ਸੱਚਾ ਹੈ, ਉਸ ਦੇ ਹਿਰਦੇ ਵਿੱਚੋਂ ਜੋ ਬਾਣੀ ਉਚਾਰਨ ਹੋਈ ਹੈ, ਉਹ ਬਾਣੀ ਸੱਚੀ ਹੈ, ਉਹ ਸਚਿਆਰ ਮਹਾਂਪੁਰਖ ਵੀ ਹੋ ਸਕਦਾ ਹੈ, ਜਿਵੇਂ ਭਗਤ ਕਬੀਰ, ਨਾਮਦੇਵ, ਰਵਿਦਾਸ ਜੀ ਆਦਿ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਪ੍ਰਵਾਨ ਕੀਤਾ ਹੈ। ਉਨ੍ਹਾਂ ਦੀ ਬਾਣੀ ਵੀ ਸੱਚੀ ਹੈ। (**ਚੱਲਦਾ**)

# ਸਕੂਲੀ ਬੱਚਿਆਂ ਦੇ ਕਵੀਸ਼ਰੀ ਤੇ ਧਾਰਮਿਕ ਕਵਿਤਾਵਾਂ ਦੇ ਭਾਸ਼ਣ ਮੁਕਾਬਲੇ ਕਰਵਾਏ

**ਖਾਲੜਾ**- ਸਕੂਲੀ ਬੱਚਿਆਂ ਨੂੰ ਸਿੱਖੀ ਸਿਧਾਂਤਾਂ ਤੇ ਗੁਰਬਾਣੀ ਦੇ ਧਾਰਨੀ ਬਣਾਉਣ ਦੇ ਮੰਤਵ ਨਾਲ ਗੁਰਮਤਿ ਗਿਆਨ ਮਿਸ਼ਨਰੀ ਕਾਲਜ (ਲੁਧਿਆਣਾ) ਦੇ ਵਿਸ਼ੇਸ਼ ਉਪਰਾਲੇ ਨਾਲ ਚੱਲ ਰਹੇ ਕੇਂਦਰ ਡੱਲ ਵਲੋਂ ਪਿੰਡ ਮਾੜੀ ਕੰਬੋਕੇ ਦੇ ਗੁਰਦੁਆਰਾ ਸ਼ਹੀਦ ਬਾਬਾ ਸੁੱਖਾ ਸਿੰਘ ਜੀ ਵਿਖੇ ਸਕੂਲੀ ਬੱਚਿਆਂ ਦੇ ਕਵੀਸ਼ਰੀ ਤੇ ਧਾਰਮਿਕ ਕਵਿਤਾਵਾਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਸ ਸਮਾਗਮ 'ਚ ਸੈਂਕੜੇ ਸਕੂਲੀ ਬੱਚਿਆਂ ਨੇ ਭਾਗ ਲਿਆ। ਇਸ ਸਮਾਗਮ ਦੌਰਾਨ ਪ੍ਰਚਾਰਕ ਰਾਗੀ ਗੁਰਸ਼ਰਨ ਸਿੰਘ ਡੱਲ ਨੇ ਬੱਚਿਆਂ ਨੂੰ ਪੱਛਮੀ ਸੱਭਿਆਚਾਰ ਤੋਂ ਸੁਚੇਤ ਕਰਦਿਆਂ ਟੀ.ਵੀ. ਤੇ ਮੋਬਾਇਲਾਂ ਤੋਂ ਚੰਗੇ ਗੁਣ ਧਾਰਨ ਕਰਨ ਲਈ ਆਪਣੀ ਸੋਚ ਨੂੰ ਉਸਾਰੂ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬਾਬਾ ਭਾਈ ਬਲਵਿੰਦਰ ਸਿੰਘ, ਭਾਈ ਦਿਲਬਾਗ ਸਿੰਘ ਡੱਲ, ਪ੍ਰਚਾਰਕ ਗੁਰਸ਼ਰਨ ਸਿੰਘ ਡੱਲ, ਭਾਈ ਗੁਰਜੰਟ ਸਿੰਘ ਭਿੱਖੀਵੰਡ, ਪ੍ਰਚਾਰ ਦੀਦਾਰ ਸਿੰਘ, ਹਰਜੀਤ ਸਿੰਘ, ਬੇਅੰਤ ਸਿੰਘ, ਸਿਤਾਰਾ ਸਿੰਘ, ਗੁਰਬੀਰ ਸਿੰਘ, ਭਾਈ ਸਕੱਤਰ ਸਿੰਘ ਆਦਿ ਹਾਜ਼ਰ ਸਨ।




**ਪਿੰਡ ਮਾੜੀ ਕੰਬੋਕੇ ਵਿਖੇ ਗੁਰਮਤਿ ਪ੍ਰਚਾਰ ਕੇਂਦਰ (ਲੁਧਿਆਣਾ) ਵੱਲੋਂ ਕਰਵਾਏ ਗਏ ਸਮਾਗਮ ਦੇ ਵੱਖ-ਵੱਖ ਦ੍ਰਿਸ਼। ਫੋਟੋ: ਅਵਤਾਰ ਸਿੰਘ ਭਾਟੀਆ**

*-ਹਰਜੀਤ ਸਿੰਘ ਲਵਲੀ*